ੴ ਸਤਿਗੁਰਪ੍ਰਸਾਦਿ ॥

G. 381

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ।
ਗੁਰ ਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖ ਲਾਵਾ ।

ਦੇਸ ਚਾਲ ਹਮ ਤੇ ਪੁਨ ਭਈ ।
ਸ਼ਹਿਰ ਪਾਉਂਟੇ ਕੀ ਸੁਧ ਲਈ ।
ਕਾਲਿੰਦਰੀ ਤਟਿ ਕਰੇ ਬਿਲਾਸਾ ।
ਅਨਿਕ ਭਾਂਤਿ ਕੇ ਪੇਖ ਤਮਾਸਾ ।

ਗੁਰਦੁਵਾਰਾ ਸ਼੍ਰੀ ਪਾਉਂਟਾ ਸਾਹਿਬ ਦੇ

ਸੰਖੇਪ

ਇਤਿਹਾਸਕ ਸਮਾਚਾਰ

ਕਰਤਾ ਤੇ ਪ੍ਰਕਾਸ਼ਕ:–

ਅਮਰ ਸਿੰਘ 'ਖਾਲਸਾ' ਡੇਹਰਾਦੂਨ

ਆਨਰੇਰੀ ਸਕੱਤ੍ਰ

ਇਮਾਰਤ ਕਮੇਟੀ ਸ਼੍ਰੀ ਪਾਉਂਟਾ ਸਾਹਿਬ, ਜ਼ਿ: ਨਾਹਨ

ਸਮਰਪਣ

ਮੈਂ ਗੁਰ ਇਤਿਹਾਸ ਦੀ ਇਸ ਛੋਟੀ ਜਿਹੀ ਪੁਸਤਕ ਨੂੰ ਆਪਣੇ ਤਾਇਆ ਜੀ ਸ੍ਰੀ ਰਾਏ ਸਾਹਿਬ ਰਲਾਰਾਮ ਸਿੰਘ ਜੀ ਠੇਕੇਦਾਰ ਦੀ ਪਵਿੱਤ੍ਰ ਆਤਮਾ ਨੂੰ ਸਮਰਪਣ ਕਰਦਾ ਹਾਂ ਜਿਨ੍ਹਾਂ ਦੇ ਧਰਮ ਪ੍ਰੇਮ ਤੇ ਤਪਸਵੀ ਜੀਵਨ ਤੋਂ ਮੈਨੂੰ ਸੇਵਾ ਦੀ ਪ੍ਰੇਰਨਾ ਹੋਈ।

'ਖਾਲਸਾ'

ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਕਟੜਾ ਜਲ੍ਹਿਆਂ ਵਾਲਾ, ਅੰਮ੍ਰਿਤਸਰ ਵਿਚ
ਸ਼੍ਰ: ਜਮੀਅਤ ਪ੍ਰਿੰਟਰ ਦੇ ਯਤਨ ਨਾਲ ਛਪੇ ॥

29648

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ

ਦੇ

ਸੰਖੇਪ ਇਤਿਹਾਸਕ ਸਮਾਚਾਰ

ਕਾਂਡ ਪਹਿਲਾ

ਸ੍ਰੀ ਪਾਉਂਟਾ ਸਾਹਿਬ ਦਾ ਗੁਰਦੁਆਰਾ ਜਮਨਾ ਦੇ ਰਮਣੀਕ ਕੰਢੇ ਰਿਆਸਤ ਸਰਮੌਰ ਨਾਹਨ ਵਿਚ ਨਾਹਨ ਸ਼ਹਿਰ ਤੋਂ ਤੀਹ ਮੀਲ ਦੀ ਦੂਰੀ ਤੇ ਹੈ। ਪੁਜਣ ਲਈ ਚਾਰ ਰਸਤੇ ਹਨ:-

ਪਹਿਲਾ—ਨਾਰਥ ਵੈਸਟਰਨ ਰੇਲਵੇ ਦੀ ਮੇਨ ਲਾਈਨ ਤੇ ਬਰਾੜਾ ਸਟੇਸ਼ਨ ਅੰਬਾਲਾ ਛਾਉਨੀ ਤੋਂ ਸਹਾਰਨਪੁਰ ਵੱਲ ਪੰਦਰਾਂ ਮੀਲ ਦੀ ਵਿਥ ਤੇ ਹੈ। ਏਥੋਂ ਉਤਰਿਆਂ ਨਾਹਨ ਤਕ ਲਾਰੀ ਮਿਲ ਜਾਂਦੀ ਹੈ ਅਤੇ ਨਾਹਨ ਤੋਂ ਬਰਸਾਤ ਦੇ ਤਿੰਨ ਮਹੀਨਿਆਂ—ਜੁਲਾਈ, ਅਗਸਤ, ਸਤੰਬਰ—ਤੋਂ ਬਿਨਾ ਤੋੜ ਪਾਉਂਟਾ ਸਾਹਿਬ ਤਕ ਲਾਰੀ ਮਿਲ ਜਾਂਦੀ ਹੈ। ਬਰਸਾਤ ਦੇ ਮਹੀਨਿਆਂ ਵਿਚ ਘੋੜੇ ਦੀ ਸਵਾਰੀ ਮਿਲ ਸਕਦੀ ਹੈ।

ਦੂਜਾ—ਮੇਨ ਲਾਈਨ ਤੇ ਹੀ ਜਗਾਧਰੀ ਸਟੇਸ਼ਨ ਤੋਂ ਉਤਰ ਕੇ ਤਾਜੇ ਵਾਲੇ ਹੈਡ ਤਕ (ਜੋ ਕਿ ਇਕ ਵੇਖਣ ਯੋਗ ਅਸਥਾਨ ਹੈ) ਲਾਰੀ ਜਾਂਦੀ ਹੈ। ਉਸ ਤੋਂ ਅੱਗੇ ਪਾਉਂਟਾ ਸਾਹਿਬ ਤੇਰਾਂ ਮੀਲ ਰਹਿ ਜਾਂਦਾ ਹੈ ਤੇ ਉਥੋਂ ਸਵਾਰੀ ਲਈ ਘੋੜਾ ਤੇ ਸਾਮਾਨ ਲਈ ਮਜ਼ਦੂਰ ਮਿਲ ਜਾਂਦੇ ਹਨ। ਇਹ ਤੇਰਾਂ ਮੀਲ ਦਾ ਰਸਤਾ ਵੀ ਜਮਨਾ ਦੇ ਕਿਨਾਰੇ ਕਿਨਾਰੇ ਬੜੇ ਰਮਣੀਕ ਜੰਗਲ ਵਿਚ ਦੀ ਜਾਂਦਾ ਹੈ।

ਤੀਜਾ—ਸਹਾਰਨਪੁਰ ਸਟੇਸ਼ਨ ਤੋਂ ਉਤਰ ਕੇ ਹਰਪੱਟ ਬਾਜ਼ਾਰ ਤਕ ਲਾਰੀ ਜਾਂਦੀ ਹੈ, ਜਿਥੋਂ ਕਿ ਪਾਉਂਟਾ ਸਾਹਿਬ ਅਠ ਮੀਲ ਰਹਿ ਜਾਂਦਾ ਹੈ। ਰਾਹ ਵਿਚ ਜਮਨਾ ਲੱਘਣੀ ਪੈਂਦੀ ਹੈ; ਪਰ ਕਿਸ਼ਤੀ ਦੇ ਰਾਹੀਂ ਮੁਸਾਫਰ ਗਡੇ ਤੇ ਮੋਟਰ ਲਾਰੀਆਂ ਸਮੇਤ ਪਾਰ ਕਰ ਦਿਤੇ ਜਾਂਦੇ ਹਨ। ਬਰਸਾਤ ਵਿਚ ਰਤਾ ਔਖਿਆਈ ਹੈ। ਕਿਸ਼ਤੀ ਤੋਂ ਪਾਰ ਗੁਰਦੁਆਰੇ ਤਕ ਜਾਣ ਲਈ ਹਰਪੱਟ ਬਾਜ਼ਾਰ ਤੋਂ ਹੀ ਸਵਾਰੀ ਤੇ ਮਜ਼ਦੂਰ ਨਾਲ ਲੈ ਜਾਣੇ ਚਾਹੀਦੇ ਹਨ।

ਚੌਥਾ—ਬੰਗਾਲ, ਬਿਹਾਰ ਤੇ ਪੂਰਬ ਵਲੋਂ ਆਉਣ ਵਾਲੀਆਂ ਸੰਗਤਾਂ ਡੇਹਰਾਦੂਨ ਤਕ ਰੇਲ ਗੱਡੀ ਵਿਚ ਪੁਜਣ। ਉਥੋਂ ਉਸੇ ਹਰਪੱਟ ਬਾਜ਼ਾਰ ਤੱਕ ਲਾਰੀ ਮਿਲ ਜਾਂਦੀ ਹੈ।

ਅਸਥਾਨ ਦੀ ਇਤਿਹਾਸਕ ਮਹੱਤਤਾ ਕਿੱਡੀ ਵੱਡੀ

ਹੈ—ਇਸ ਦਾ ਉਤਰ ਇਕੋ ਹੀ ਦਿਤਾ ਜਾ ਸਕਦਾ ਹੈ ਕਿ ਜਿਡੀ ਵਡੀ ਇਸ ਥਾਂ ਦੀ ਕੁਦਰਤੀ ਸੁੰਦਰਤਾ ਹੈ। ਇਸ ਥਾਂ ਦੇ ਰਮਣੀਕ ਨਜ਼ਾਰੇ ਤੱਕ ਕੇ ਇਉਂ ਪ੍ਰਤੀਤ ਹੁੰਦਾ ਹੈ ਕਿ ਕੁਦਰਤ ਮੁਦਤਾਂ ਤੋਂ ਸ੍ਰੀ ਕਲਗੀਧਰ ਜੀ ਦੇ ਆਗਮਨ ਲਈ ਇਸ ਥਾਂ ਨੂੰ ਸੰਵਾਰ ਰਹੀ ਸੀ। ਇਕ ਰਸਕ ਕਵੀ ਜਮਨਾ ਦੇ ਵਲ ਖਾ ਖਾ ਗੁਰਦੁਆਰੇ ਸਾਹਿਬ ਦੇ ਚਰਨਾਂ ਨੂੰ ਚੁਮਦਿਆਂ ਤੇ ਕੰਢੇ ਉਤਲੇ ਹਰੇ ਭਰੇ ਦਰਿਸ਼ਯ ਨੂੰ ਤੱਕ ਕੇ ਖਾਹ ਮਖਾਹ ਕਹਿ ਉਠਦਾ ਹੈ, "ਇਹ ਥਾਂ ਤਾਂ ਕਿਸੇ ਕਵੀ ਦਰਬਾਰ ਦੇ ਲਾਇਕ ਹੈ।" ਸਚ ਮੁਚ ਹੋਇਆ ਭੀ ਏਦਾਂ ਹੀ ਤੇ ਕਵੀਆਂ ਦੇ ਸਰਦਾਰ ਨੇ ਕਈ ਵੇਰ ਏਥੇ ਕਵੀ-ਸਮੇਲਨ ਕੀਤੇ। ਸੰਜੋਗ ਇਉਂ ਬਣਿਆ—

ਸਰਮੌਰ ਪਤੀ ਰਾਜਾ ਮੇਦਨੀ ਪ੍ਰਕਾਸ਼ ਨੇ ਆਪਣੇ ਵਜ਼ੀਰ ਨੂੰ ਸ੍ਰੀ ਅਨੰਦਪੁਰ ਸਾਹਿਬ ਕਲਗੀਧਰ ਪਿਤਾ ਦੇ ਚਰਨਾਂ ਵਿਚ ਭੇਜਿਆ, ਤਾਕਿ ਉਹ ਬੇਨਤੀ ਕਰ ਕੇ ਹਜ਼ੂਰ ਨੂੰ ਨਾਹਨ ਦੇ ਰਾਜ ਵਿਚ ਚਰਨ ਪਾਣ ਲਈ ਪਰੇਰੇ। ਰਾਜਾ ਜੀ ਦੀ ਪ੍ਰੇਮ ਭਰੀ ਲਾਲਸਾ ਤੇ ਮੰਤਰੀ ਦੇ ਯਤਨ ਨੇ ਇਲਾਹੀ ਖੁਸ਼ੀਆਂ ਪ੍ਰਾਪਤ ਕਰ ਲਈਆਂ ਤੇ ਸਤਿਗੁਰਾਂ ਨੇ ਨਾਹਨ ਰਾਜ ਨੂੰ ੪ ਵਿਸਾਖ ੧੭੪੧ ਬਿਕ੍ਰਮੀ ਨੂੰ ਆ ਭਾਗ ਲਾਏ। ਹਜ਼ੂਰ ਰੋਪੜ, ਰਾਣੀ ਕੇ ਰਾਏਪੁਰ, ਮਾਣਕ, ਟਾਬਰਾ ਤੇ ਟੋਕਾ ਸਾਹਿਬ ਤੋਂ ਹੁੰਦੇ ਹੋਏ ਏਥੇ ਪੁਜੇ।

ਸਰਮੌਰ ਪਤੀ ਢੇਰ ਚਿਰ ਤਕ ਹਜ਼ੂਰੀ ਵਿਚ ਰਹਿ ਸ਼ਿਕਾਰ ਖਿਡਾਂਦਾ ਰਿਹਾ। ਇਸ ਪ੍ਰੇਮ-ਲੀਲ੍ਹਾ ਤੇ ਹਜ਼ੂਰ ਕਿੰਨੇ ਖੁਸ਼ ਹੋਏ ਤੇ ਸ਼ਿਕਾਰ ਨੂੰ ਕਿਤਨਾ ਪਸੰਦ ਕੀਤਾ—ਇਸ ਦਾ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.